BRAMPTON Service and Information Update

# ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ, ਸਿਟੀ ਆਫ ਬ੍ਰੈਂਪਟਨ ਦੇ ਤਿਓਹਾਰਾਂ ਅਤੇ ਕਾਰਜਕਰਮਾਂ ਦੇ ਰੱਦ ਹੋਣ ਦੀ ਤਾਰੀਖ 7 ਸਤੰਬਰ ਤੱਕ ਵਧਾ ਦਿੱਤੀ ਗਈ ਹੈ

ਬ੍ਰੈਂਪਟਨ, ਓਨਟੈਰੀਓ (21 ਜੁਲਾਈ, 2020) – ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਲਈ, ਸਿਟੀ ਦੇ ਸਾਰੇ ਤਿਓਹਾਰ, ਕਾਰਜਕਰਮ, ਪ੍ਰਦਰਸ਼ਨ ਅਤੇ ਸਿਟੀ ਦੀਆਂ ਫੈਸਿਲਿਟੀਜ ਅਤੇ ਦ ਰੋਜ਼ (The Rose) ਸਮੇਤ, ਪਰਫੌਰਮਿੰਗ ਆਰਟਸ ਸੈਂਟਰਾਂ ਵਿਖੇ ਕਾਰਜਕਰਮਾਂ ਲਈ ਭਾਈਚਾਰਕ ਕਾਰਜਕਰਮ ਪਰਮਿਟ, 7 ਸਤੰਬਰ, 2020, ਲੇਬਰ ਡੇ (Labour Day) ਤੱਕ ਰੱਦ ਕਰ ਦਿੱਤੇ ਗਏ ਹਨ। ਰੱਦ ਕਰਨ ਦੀ ਤਾਰੀਖ ਨੂੰ ਵਧਾਉਣ ਦਾ ਇਹ ਫੈਸਲਾ, ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office), ਰੀਜਨ ਆਫ ਪੀਲ (Region of Peel) ਵੱਲੋਂ ਦਿੱਤੀ ਗਈ ਸਲਾਹ ਅਤੇ ਆਸਪਾਸ ਦੀਆਂ ਮਿਊਨਿਸੀਪਲਟੀਜ ਦੀ ਸਹਿਮਤੀ ਨਾਲ ਲਿਆ ਗਿਆ ਹੈ।

ਸਿਟੀ, ਇਹਨਾਂ ਕਾਰਜਕਰਮਾਂ ਦੇ ਰੱਦ ਹੋਣ ਦੇ ਅਸਰਾਂ ਨੂੰ ਘੱਟ ਕਰਨ ਲਈ, ਕਾਰਜਕਰਮ ਆਯੋਜਕਾਂ ਅਤੇ ਸਿਟੀ ਦੀਆਂ ਫੈਸਿਲਿਟੀਜ ਨੂੰ ਕਿਰਾਏ ਤੇ ਲੈਣ ਵਾਲੇ ਕਲਾਈਂਟਾਂ ਦੇ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ। ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਦੇ ਮੁਤਾਬਕ, ਸਿਟੀ ਇਹਨਾਂ ਕਾਰਜਕਰਮਾਂ ਲਈ ਅੱਗੇ ਦੀਆਂ ਸੰਭਾਵਿਤ ਤਾਰੀਖਾਂ ਤੈਅ ਕਰੇਗੀ। ਓਨਟੈਰੀਓ ਸਰਕਾਰ ਅਤੇ ਪੀਲ ਪਬਲਿਕ ਹੈਲਥ ਵੱਲੋਂ ਵੱਡੇ ਇਕੱਠਾਂ ਬਾਰੇ ਹੋਰ ਨਿਰਦੇਸ਼ ਮਿਲਣ ਤੱਕ, ਕਾਰਜਕਰਮਾਂ ਲਈ ਕਿਸੇ ਵੀ ਨਵੀਆਂ ਬੁਕਿੰਗਸ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ, ਸਿਟੀ ਹਾਲ (City Hall) ਅਤੇ ਰੇਕ੍ਰੀਏਸ਼ਨ ਐਂਡ ਕਮਿਉਨਿਟੀ ਸੈਂਟਰਸ (Recreation and Community Centres) ਅਤੇ ਬ੍ਰੈਂਪਟਨ ਲਾਇਬ੍ਰੇਰੀ (Brampton Library) ਬ੍ਰਾਂਚਾਂ ਸਮੇਤ, ਸਿਟੀ ਆਫ ਬ੍ਰੈਂਪਟਨ ਦੀਆਂ ਹੋਰ ਸਾਰੀਆਂ ਫੈਸਿਲਿਟੀਜ, ਅਗਲੇ ਨੋਟਿਸ ਤੱਕ ਬੰਦ ਰਹਿਣਗੀਆਂ।

ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ, ਸਿਟੀ ਦੇ ਯਤਨਾਂ ਬਾਰੇ ਤਾਜ਼ਾ ਜਾਣਕਾਰੀ ਲਈ, www.brampton.ca/COVID19 ਤੇ ਜਾਓ।

-30-


**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca